ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ 2 ਸ਼ਾਖਾ)

**ਹੁਕਮ**

ਸਿੱਖਿਆ ਵਿਭਾਗ ਦੇ ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਦੀਆਂ ਪਦ ਉਨਤੀਆਂ ਕਰਨ ਲਈ ਮਿਤੀ 06.05.2015 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਹੋਈ। ਮਈ, 2012 ਦੌਰਾਨ ਮਾਸਟਰ/ਮਿਸਟ੍ਰੈਸ ਤੋਂ ਲੈਕਚਰਾਰਾਂ ਦੀਆਂ ਪੱਦ-ਉਨਤੀਆਂ ਕਰਨ ਉਪਰੰਤ ਮਾਸਟਰ/ਮਿਸਟ੍ਰੈਸ ਦੀ ਸੀਨੀਆਰਤਾ ਸਬੰਧੀ ਹੋਏ ਕੋਰਟ ਕੇਸਾਂ ਦੇ ਮੱਦੇ ਨਜਰ ਸਤੰਬਰ, 2013 ਵਿੱਚ ਰੀਵਿਓ ਡੀ.ਪੀ.ਸੀ. ਦੀ ਮੀਟਿੰਗ ਹੋਈ ਸੀ, ਰੀਵਿਓ ਡੀ.ਪੀ.ਸੀ. ਦੌਰਾਨ ਲੈਫਟ ਆਊਟ ਕੇਸਾਂ ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 06.05.2015 ਨੂੰ ਹੋਈ ਮੀਟਿੰਗ ਵਿੱਚ ਵਿਚਾਰਿਆ ਗਿਆ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਲੈਕਚਰਾਰ ਦੀ ਪੱਦ ਉਨੱਤੀ ਲਈ ਯੋਗ ਪਾਇਆ ਗਿਆ।

2. ਇਸ ਲਈ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾ ਦੇ ਸਨਮੁੱਖ ਅਤੇ ਮਾਸਟਰ ਕਾਡਰ ਦੀ ਸੀਨੀਆਰਤਾ ਪੰਜਾਬ ਸਟੇਟ ਐਜੂਕੇਸ਼ਨ ਕਲਾਸ 3 (ਸਕੂਲ ਕਾਡਰ) ਸਰਵਿਸ ਰੂਲ 1978 ਦੇ ਰੂਲ 11 ਰੈਡ ਵਿਦ ਰੂਲ-8 ਆਫ ਪੰਜਾਬ ਸਿਵਲ ਸੇਵਾਵਾਂ (ਜਨਰਲ ਐਂਡ ਕਾਮਨ ਕੰਡੀਸ਼ਨ ਆਫ ਸਰਵਿਸ) ਰੂਲ 1994 ਦੇ ਉਪਬੰਧਾ ਅਨੁਸਾਰ ਨਿਰਧਾਰਤ ਕਰਨ ਹਿੱਤ ਸ੍ਰੀਮਤੀ ਨਰਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਕੰਹਾਸ, ਗਾਂਧੀ ਨਗਰ ਜਿਲ੍ਹਾ ਜਲੰਧਰ ਦੀ ਨੋਸ਼ਨਲੀ ਤਰੱਕੀ ਮਈ, 2012 ਤੋਂ ਬਤੌਰ ਲੈਕਚਰਾਰ ਮੈਥ ਕਰਨ ਦੀ ਸਹਿਮਤੀ ਦਿੱਤੀ ਹੈ।

3. ਉਪਰੋਕਤ ਦੇ ਸਨਮੁੱਖ ਸ੍ਰੀਮਤੀ ਨਰਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਕੰਹਾਸ, ਗਾਂਧੀ ਨਗਰ ਜਿਲ੍ਹਾ ਜਲੰਧਰ ਨੂੰ ਬਤੌਰ ਲੈਕਚਰਾਰ ਪੋਲ-ਸਾਇੰਸ ਤਨਖਾਹ ਸਕੇਲ 10300-34800+5400 (ਪੇ ਸਕੇਲ) ਵਿੱਚ ਮਈ 2012 ਤੋਂ ਨੋਸ਼ਨਲ ਤੌਰ ਤੇ ਪੱਦ ਉੱਨਤ ਕੀਤਾ ਜਾਂਦਾ ਹੈ।

4. ਸ੍ਰੀਮਤੀ ਨਰਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਕੰਹਾਸ, ਗਾਂਧੀ ਨਗਰ ਜਿਲ੍ਹਾ ਜਲੰਧਰ ਦੀ ਬਤੌਰ ਲੈਕਚਰਾਰ ਪੋਲ ਸਾਇੰਸ ਪੱਦਉੱਨਤੀ ਕਰਨ ਉਪਰੰਤ ਇਸਦੀ ਪੋਸਟਿੰਗ ਸਸਸਸ, ਆਦਮਪੁਰ (ਜਲੰਧਰ) ਵਿਖੇ ਕੀਤੀ ਜਾਂਦੀ ਹੈ।

5. ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਕਰਮਚਾਰੀ/ਕਰਮਚਾਰਨ ਦੁਆਰਾ ਇਕ ਹਫਤੇ ਦੇ ਅੰਦਰ ਅੰਦਰ ਆਪਣੇ ਤਾਇਨਾਤੀ ਦੇ ਸਥਾਨ ਤੇ ਜੁਆਇਨ ਕਰਨਾ ਯਕੀਨੀ ਬਣਾਇਆ ਜਾਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਕਰਮਚਾਰੀ ਨੂੰ ਅਗਲੇ ਦੋ ਸਾਲ ਲਈ ਪਦ-ਉਨਤੀ ਤੋਂ ਡੀ-ਬਾਰ ਸਮਝਿਆ ਜਾਵੇਗਾ।

**ਮਿਤੀ, ਚੰਡੀਗੜ੍ਹ:**
8-5-15

**ਸੀ. ਰਾਉਲ, ਆਈ.ਏ.ਐਸ,**
**ਪ੍ਰਮੁੱਖ ਸਕੱਤਰ ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ।**

ਪਿ:ਅੰ:ਨੰ: 12/44/2013-5ਸਿ2/(ਈ74)/48198/1 ਮਿਤੀ, ਚੰਡੀਗੜ੍ਹ: 8-5-2015 11-5-2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ 8 ਮੋਹਾਲੀ ਨੂੰ ਨੂੰ ਬੇਨਤੀ ਹੈ ਕਿ ਉਪਰੋਕਤ ਹੁਕਮਾਂ ਨੂੰ ਸਿੱਖਿਆ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ 8 ਮੋਹਾਲੀ।

16070 14/5/15

3. ਮੰਡਲ ਸਿੱਖਿਆ ਅਫਸਰ, ਜਲੰਧਰ ।

4. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਜਲੰਧਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਰਮਚਾਰੀ ਦੀ ਹਾਜਰੀ ਰਿਪੋਰਟ ਡੀ.ਪੀ.ਆਈ.(ਸੈ.ਸਿ.) ਪੰਜਾਬ ਅਤੇ ਸਰਕਾਰ ਨੂੰ ਭੇਜੀ ਜਾਵੇ।

ਰਜਿਸਟਰਡ 5. ਸ੍ਰੀਮਤੀ ਨਰਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਕੰਹਾਸ, ਗਾਂਧੀ ਨਗਰ ਜਿਲ੍ਹਾ ਜਲੰਧਰ।

ਸੁਪਰਡੰਟ

ਅੰਦਰੂਨੀ ਵੰਡ ਅਧੀਨ:-

1. ਨਿੱਜੀ ਸਕੱਤਰ/ਸਿੱਖਿਆ ਮੰਤਰੀ ਜੀ।
2. ਨਿੱਜੀ ਸਕੱਤਰ/ਪ੍ਰਸਸਸਿ
3. ਪੀ.ਏ/ਵਿਸਸਸਿ
4. ਰਿਕਾਰਡਰ/ਸਿਖਿਆ-2 ਸਾਖਾ